ਮਿੱਠੇ ਬੱਚੇ:- "ਮਿੱਠੇ ਬੱਚੇ:- ਬਾਪ ਹਰ ਗੱਲ ਵਿੱਚ ਕਲਿਆਣਕਾਰੀ ਹਨ। ਇਸਲਈ ਜੋ ਵੀ ਡਾਇਰੈਕਸ਼ਨ ਮਿਲਦੇ ਹਨ ਉਸ ਵਿੱਚ ਆਨਾਕਾਨੀ ਨਾ ਕਰ ਸ਼੍ਰੀਮਤ ਤੇ ਸਦਾ ਚਲਦੇ ਰਹੋ।"

ਪ੍ਰਸ਼ਨ:- ਪ੍ਰਸ਼ਨ:- ਨੌਧਾ ਭਗਤੀ ਅਤੇ ਨੌਧਾ ਪੜ੍ਹਾਈ ਵਿੱਚ ਦੋਨਾਂ ਨਾਲ ਜੋ ਪ੍ਰਾਪਤੀਆਂ ਹੁੰਦੀਆਂ ਹਨ, ਉਨ੍ਹਾਂ ਵਿੱਚ ਕੀ ਫਰਕ ਹੈ?

ਉੱਤਰ:- ਨੌਧਾ ਭਗਤੀ ਨਾਲ ਸਿਰਫ ਸਾਕਸ਼ਾਤਕਾਰ ਹੁੰਦਾ ਹੈ, ਜਿਵੇਂ ਸ਼੍ਰੀਕ੍ਰਿਸ਼ਨ ਦੇ ਭਗਤ ਹੋਣਗੇ ਤੇ ਉਨ੍ਹਾਂ ਨੂੰ ਸ਼੍ਰੀਕ੍ਰਿਸ਼ਨ ਦਾ ਸਾਕਸ਼ਾਤਕਾਰ ਹੋਵੇਗਾ। ਰਾਸ ਆਦਿ ਕਰਨਗੇ ਪਰ ਉਹ ਕੋਈ ਬੈਕੁੰਠਪੁਰੀ ਜਾ ਸ਼੍ਰੀਕ੍ਰਿਸ਼ਨਪੁਰੀ ਵਿੱਚ ਨਹੀਂ ਜਾਂਦੇ ਹਨ। ਤੁਸੀਂ ਬੱਚੇ ਨੌਧਾ ਪੜ੍ਹਾਈ ਪੜ੍ਹਦੇ ਹੋ ਜਿਸ ਨਾਲ ਤੁਹਾਡੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇਸ ਪੜ੍ਹਾਈ ਨਾਲ ਤੁਸੀਂ ਬੈਕੁੰਠਪੁਰੀ ਵਿੱਚ ਚਲੇ ਜਾਂਦੇ ਹੋ।

ਗੀਤ:- ਅੱਜ ਨਹੀਂ ਤਾਂ ਕੱਲ...

ਓਮ ਸ਼ਾਂਤੀ। ਇਹ ਕਿਸਨੇ ਕਿਹਾ ਕਿ ਘਰ ਚਲ? ਕਿਸੇ ਦਾ ਬੱਚਾ ਰੁੱਸ ਜਾਵੇ ਤਾਂ ਮਿੱਤਰ ਸੰਬੰਧੀ ਆਦਿ ਉਸਦੇ ਪਿੱਛੇ ਜਾਂਦੇ ਹਨ। ਕਹਿੰਦੇ ਹਨ ਰੁੱਸੇ ਕਿਓਂ ਹੋ? ਹੁਣ ਚੱਲੋ ਘਰ। ਇਹ ਹੀ ਬੇਹੱਦ ਦਾ ਬਾਪ ਆਕੇ ਸਾਰੇ ਬੱਚਿਆਂ ਨੂੰ ਕਹਿੰਦੇ ਹਨ। ਬਾਪ ਵੀ ਹੈ, ਦਾਦਾ ਵੀ ਹੈ। ਜਿਸਮਾਨੀ ਵੀ ਹੈ ਤੇ ਰੂਹਾਨੀ ਵੀ ਹੈ। ਕਹਿੰਦੇ ਹਨ- ਹੇ ਬੱਚੇ ਹੁਣ ਘਰ ਚੱਲੋ, ਰਾਤ ਪੂਰੀ ਹੋਈ ਹੈ, ਹੁਣ ਦਿਨ ਹੁੰਦਾ ਹੈ। ਇਹ ਹੋ ਗਈਆਂ ਗਿਆਨ ਦੀਆਂ ਗੱਲਾਂ। ਬ੍ਰਹਮਾ ਦਾ ਦਿਨ, ਬ੍ਰਹਮਾ ਦੀ ਰਾਤ, ਬ੍ਰਹਮਾ ਦਾ ਦਿਨ- ਇਹ ਕਿਸ ਨੇ ਸਮਝਾਇਆ? ਬਾਪ ਬੈਠ ਬ੍ਰਹਮਾਕੁਮਾਰ- ਕੁਮਾਰੀਆਂ ਨੂੰ ਸਮਝਾਉਂਦੇ ਹਨ। ਅੱਧਾ ਕਲਪ ਹੈ ਰਾਤ ਮਤਲਬ ਪਤਿਤ ਪਾਵਨ ਰਾਜ ਮਤਲਬ ਭ੍ਰਿਸ਼ਟਾਚਾਰੀ ਰਾਜ, ਕਿਉਂਕਿ ਆਸੁਰੀ ਮਤ ਤੇ ਚਲਦੇ ਹਨ। ਹੁਣ ਤੁਸੀਂ ਸ਼੍ਰੀਮਤ ਤੇ ਹੋ। ਸ਼੍ਰੀਮਤ ਵੀ ਹੈ ਇਨਕਾਗਨਿਟੋ(ਗੁੱਪਤ), ਅਸੀਂ ਜਾਣਦੇ ਹਾਂ ਬਾਪ ਆਪ ਆਉਂਦੇ ਹਨ। ਉਨ੍ਹਾਂ ਦਾ ਰੂਪ ਵੱਖ ਹੈ। ਰਾਵਣ ਦਾ ਰੂਪ ਵੱਖ ਹੈ। ਉਸਨੂੰ 5 ਵਿਕਾਰ ਰੂਪੀ ਰਾਵਣ ਕਿਹਾ ਜਾਂਦਾ ਹੈ। ਪਹਿਲੋਂ ਹੁਣ ਰਾਵਣ ਰਾਜ ਖਤਮ ਹੋਵੇਗਾ, ਫਿਰ ਇਸ਼ਵਰੀਏ ਰਾਜ ਸ਼ੁਰੂ ਹੋਵੇਗਾ। ਰਾਮ ਰਾਜ ਕਹਿੰਦੇ ਹਨ ਨਾ। ਸੀਤਾ ਦੇ ਰਾਮ ਨੂੰ ਨਹੀਂ ਜਪਦੇ ਹਨ। ਮਾਲਾ ਵਿੱਚ ਰਾਮ -2 ਰਾਮ ਜਪਦੇ ਹਨ ਨਾ। ਉਹ ਪਰਮਾਤਮਾ ਨੂੰ ਯਾਦ ਕਰਦੇ ਹਨ। ਜੋ ਸਰਵ ਦਾ ਸਦਗਤੀ ਦਾਤਾ ਹੈ, ਉਨ੍ਹਾਂ ਨੂੰ ਹੀ ਜਪਦੇ ਰਹਿੰਦੇ ਹਨ। ਰਾਮ ਮਤਲਬ ਗੋਡ। ਮਾਲਾ ਜਦੋ ਜਪਦੇ ਹਨ ਤਾਂ ਕਦੇ ਕੋਈ ਮਨੁੱਖ ਨੂੰ ਯਾਦ ਨਹੀਂ ਕਰਨਗੇ, ਉਨ੍ਹਾਂ ਦੀ ਬੁੱਧੀ ਵਿੱਚ ਦੂਜਾ ਕੋਈ ਆਏਗਾ ਨਹੀਂ। ਤਾਂ ਹੁਣ ਬਾਪ ਸਮਝਾਉਂਦੇ ਹਨ ਕਿ ਰਾਤ ਪੂਰੀ ਹੋਈ ਹੈ। ਇਹ ਹੈ ਕਰਮਖੇਤਰ, ਸਟੇਜ, ਜਿਥੇ ਅਸੀਂ ਆਤਮਾਵਾਂ ਸ਼ਰੀਰ ਧਾਰਨ ਕਰ ਪਾਰਟ ਵਜਾਉਂਦੀਆਂ ਹਾਂ। 84 ਜਨਮਾ ਦਾ ਪਾਰਟ ਵਜਾਉਣਾ ਹੈ। ਫਿਰ ਉਸ ਵਿੱਚ ਵੀ ਵਰਣ ਦਿਖਾਉਂਦੇ ਹਨ, ਕਿਉਂਕਿ 84 ਜਨਮਾ ਦਾ ਹਿਸਾਬ ਵੀ ਚਾਹੀਦਾ ਹੈ। ਕਿਸ - ਕਿਸ ਜਨਮ ਵਿੱਚ। ਕਿਸ ਕੁਲ ਵਿੱਚ, ਕਿਸ ਵਰਣ ਵਿੱਚ ਆਉਂਦੇ ਹਨ। ਇਸਲਈ ਵੀ ਵਿਰਾਟ ਰੂਪ ਦਿਖਾਇਆ ਹੈ। ਪਹਿਲੇ - ਪਹਿਲੇ ਹਨ, ਬ੍ਰਾਹਮਣ ਸਿਰਫ ਸਤਿਯੁਗੀ, ਸੂਰਜਵੰਸ਼ੀ ਵਿੱਚ 84 ਜਨਮ ਹੋ ਨਾ ਸਕਨ। ਬ੍ਰਾਹਮਣ ਕੁਲ ਵਿੱਚ ਵੀ 84 ਜਨਮ ਨਹੀਂ ਹੁੰਦੇ। 84 ਜਨਮ ਤਾਂ ਵੱਖ-2 ਨਾਮ, ਰੂਪ, ਦੇਸ਼, ਕਾਲ ਵਿੱਚ ਹੁੰਦੇ ਹਨ। ਸਤਿਯੁਗ ਸਤੋ ਪ੍ਰਧਾਨ ਤੋਂ ਫਿਰ ਕਲਯੁਗ ਤਮੋ ਪ੍ਰਧਾਨ ਵਿੱਚ ਜਰੂਰ ਆਉਣਾ ਹੈ। ਉਸਦਾ ਵੀ ਸਮਾਂ ਦਿੱਤਾਂ ਜਾਂਦਾ ਹੈ। ਮਨੁੱਖ 84 ਜਨਮ ਕਿਵੇਂ ਲੈਂਦੇ ਹਨ... ਇਹ ਵੀ ਸਮਝਣ ਦੀ ਗੱਲ ਹੈ। ਮਨੁੱਖ ਤਾਂ ਸਮਝ ਨਹੀਂ ਸਕਦੇ। ਤਾਂ ਹੀ ਬਾਪ ਕਹਿੰਦੇ ਹਨ ਤੁਸੀਂ ਆਪਣੇ ਜਨਮਾ ਨੂੰ ਨਹੀਂ ਜਾਣਦੇ ਹੋ, ਮੈਂ ਦਸਦਾ ਹਾਂ। ਬਾਪ ਸਮਝਾਓਦੇ ਹਨ ਡਰਾਮਾ ਅਨੁਸਾਰ ਸਭ ਭੁਲਣਾ ਜਰੂਰ ਹੈ।

ਹੁਣ ਇਹ ਸੰਗਮਯੁਗ ਹੈ। ਦੁਨੀਆ ਤਾਂ ਕਹਿੰਦੀ ਹੈ ਕਲਯੁਗ ਹਾਲੇ ਛੋਟਾ ਬੱਚਾ ਹੈ। ਇਸਨੂੰ ਕਿਹਾ ਜਾਂਦਾ ਹੈ, ਅਗਿਆਨ, ਘੋਰ ਹਨੇਰਾ ਜਿਵੇ ਡਰਾਮਾ ਦੇ ਐਕਟਰਾਂ ਨੂੰ ਪਤਾ ਹੁੰਦਾ ਹੈ ਕਿ ਹਾਲੇ ਨਾਟਕ ਪੂਰਾ ਹੋਣ ਵਿੱਚ ਦਸ ਮਿੰਟ ਹਨ, ਇਹ ਵੀ ਚੇਤੰਨ ਡਰਾਮਾ ਹੈ। ਇਹ ਕਦੋ ਪੂਰਾ ਹੁੰਦਾ ਹੈ। ਮਨੁੱਖ ਨਹੀਂ ਜਾਣਦੇ ਹਨ। ਮਨੁੱਖ ਤਾਂ ਘੋਰ ਹਨੇਰੇ ਵਿੱਚ ਹਨ। ਬਾਪ ਕਹਿੰਦੇ ਹਨ, ਗੁਰੂ ਗੋਸਾਈ ਵੇਦ ਸ਼ਾਸਤਰ ਜਪ ਤਪ ਆਦਿ ਤੋਂ ਮੈਂ ਨਹੀਂ ਮਿਲਦਾ ਹਾਂ । ਇਹ ਹੈ ਹੀ ਭਗਤੀ ਮਾਰਗ ਦੀ ਸਮੱਗਰੀ। ਮੈਂ ਤਾਂ ਆਪਣੇ ਸਮੇ ਤੇ ਆਉਂਦਾ ਹਾਂ। ਜੋ ਰਾਤ ਤੋਂ ਦਿਨ ਬਨਾਉਣਾ ਹੈ। ਅਤੇ ਅਨੇਕਾਂ ਧਰਮਾਂ ਦਾ ਵਿਨਾਸ਼ ਕਰਕੇ ਇਕ ਧਰਮ ਦੀ ਸਥਾਪਨਾ ਕਰਨੀ ਹੈ। ਜਦੋ ਸ੍ਰਿਸ਼ਟੀ ਚੱਕਰ ਪੂਰਾ ਹੋਵੇਗਾ ਤਾਂ ਹੀ ਸਵਰਗ ਦੀ ਸਥਾਪਨਾ ਸ਼ੁਰੂ ਕਰਾਂ। ਝੱਟ ਬਾਦਸ਼ਾਹੀ ਸ਼ੁਰੂ ਹੁੰਦੀ ਹੈ। ਤੁਸੀਂ ਜਾਣਦੇ ਹੋ ਅਸੀਂ ਫਿਰ ਕੋਈ ਰਾਜਿਆਂ ਕੋਲ ਜਨਮ ਲੈਂਦੇ ਹਾਂ। ਫਿਰ ਹੌਲੀ - ਹੌਲ਼ੀ ਨਵੀਂ ਦੁਨੀਆ ਬਣ ਜਾਂਦੀ ਹੈ। ਸਭ ਕੁਝ ਨਵਾਂ ਬਣਾਉਣਾ ਪੈਂਦਾ ਹੈ। ਬਾਬਾ ਨੇ ਸਮਝਾਇਆ ਹੈ ਕਿ ਆਤਮਾ ਵਿੱਚ ਪੜ੍ਹਾਈ ਦੇ ਸੰਸਕਾਰ ਅਤੇ ਕਰਮ ਕਰਨ ਦੇ ਸੰਸਕਾਰ ਰਹਿੰਦੇ ਹਨ। ਹੁਣ ਤੁਸੀਂ ਬੱਚਿਆਂ ਨੂੰ ਆਤਮ ਅਭਿਮਾਨੀ ਬਣਨਾ ਚਾਹੀਦਾ ਹੈ। ਮਨੁੱਖ ਹਨ ਸਭ ਦੇਹ -ਅਭਿਮਾਨੀ, ਜਦੋਂ ਆਤਮਾ - ਅਭਿਮਾਨੀ ਬਣਨ ਤਾਂ ਪਰਮਾਤਮਾ ਨੂੰ ਯਾਦ ਕਰ ਸੱਕਣ। ਪਹਿਲੋਂ - ਪਹਿਲੇ ਤਾਂ ਹੈ ਆਤਮ ਅਭਿਮਾਨੀ ਬਣਨ ਦੀ ਗੱਲ। ਕਹਿੰਦੇ ਵੀ ਸਾਰੇ ਹਨ ਕਿ ਅਸੀਂ ਜੀਵ ਆਤਮਾ ਹਾਂ। ਇਹ ਵੀ ਕਹਿੰਦੇ ਹਨ ਆਤਮਾ ਅਵਿਨਾਸ਼ੀ ਹੈ ਤੇ ਸ਼ਰੀਰ ਵਿਨਾਸ਼ੀ ਹੈ। ਆਤਮਾ ਇਕ ਸ਼ਰੀਰ ਛੱਡ ਦੂਜਾ ਲੈਂਦੀ ਹੈ। ਇਵੇਂ ਵੀ ਕਹਿੰਦੇ ਹਨ ਪਰ ਚਲਦੇ ਨਹੀਂ ਹਨ। ਹੁਣ ਤੁਸੀਂ ਜਾਣਦੇ ਹੋ ਆਤਮਾ ਨਿਰਾਕਾਰੀ ਦੁਨੀਆ ਤੋਂ ਆਉਂਦੀ ਹੈ। ਉਸ ਵਿੱਚ ਅਵਿਨਾਸ਼ੀ ਪਾਰਟ ਹੈ। ਇਹ ਬਾਪ ਬੈਠ ਸਮਝਾਉਂਦੇ ਹਨ। ਪੁਨਰਜਨਮ ਲੈਂਦੇ ਹਨ। ਡਰਾਮਾ ਤਾਂ ਹੂਬਹੂ ਰਪੀਟ ਹੁੰਦਾ ਹੈ। ਫਿਰ ਕ੍ਰਾਇਸਟ ਆਦਿ ਸਭ ਨੂੰ ਆਉਣਾ ਪਵੇਗਾ। ਆਪਣੇ-2, ਆਪਣੇ

ਸਮੇ ਤੇ ਆਕੇ ਧਰਮ ਸਥਾਪਨ ਕਰਦੇ ਹਨ। ਤੁਹਾਡਾ ਹਾਲੇ ਇਹ ਸੰਗਮਯੁਗੀ ਬ੍ਰਾਹਮਣ ਧਰਮ ਹੈ। ਉਹ ਹਨ ਪੁਜਾਰੀ ਬ੍ਰਾਹਮਣ, ਤੁਸੀਂ ਹੋ ਪੂਜਯ। ਤੁਸੀਂ ਕਦੇ ਪੂਜਾ ਨਹੀਂ ਕਰੋਗੇ। ਮਨੁੱਖ ਤਾਂ ਪੂਜਾ ਕਰਨਗੇ। ਤਾਂ ਬਾਪ ਸਮਝਾਉਂਦੇ ਹਨ ਕਿ ਇਹ ਕਿੰਨੀ ਵੱਡੀ ਪੜ੍ਹਾਈ ਹੈ। ਕਿੰਨੀ ਧਾਰਨਾ ਕਰਨੀ ਪੈਂਦੀ ਹੈ। ਵਿਸਤਾਰ ਨਾਲ ਧਾਰਨਾ ਕਰਨ ਵਿੱਚ ਨੰਬਰਵਾਰ ਹਨ। ਨੱਟਸ਼ੈਲ ਵਿੱਚ ਤਾਂ ਸਮਝਦੇ ਹਨ ਬਾਬਾ ਹੈ ਰਚਤਾ ਤੇ ਇਹ ਉਸਦੀ ਰਚਨਾ ਹੈ। ਅੱਛਾ, ਇਹ ਤਾਂ ਸਮਝਦੇ ਹੋ ਨਾ ਬਾਪ ਹੈ। ਬਾਪ ਨੂੰ ਸਾਰੇ ਭਗਤ ਯਾਦ ਕਰਦੇ ਹਨ। ਭਗਤ ਵੀ ਹਨ, ਬੱਚੇ ਵੀ ਹਨ। ਭਗਤ ਬਾਬਾ ਕਹਿ ਪੁਕਾਰਦੇ ਰਹਿੰਦੇ ਹਨ। ਅਗਰ ਭਗਤ ਭਗਵਾਨ ਹੈ ਤਾਂ ਫਿਰ ਬਾਬਾ ਕਹਿ ਕਿਸਨੂੰ ਪੁਕਾਰਦੇ ਰਹਿੰਦੇ ਹਨ? ਇਹ ਵੀ ਸਮਝਦੇ ਨਹੀਂ। ਆਪਣੇ ਆਪ ਨੂੰ ਭਗਵਾਨ ਸਮਝ ਬੈਠ ਜਾਂਦੇ ਹਨ। ਬਾਬਾ ਕਹਿੰਦੇ ਹਨ ਡਰਾਮਾ ਅਨੁਸਾਰ ਜਦੋ ਇਸ ਤਰ੍ਹਾਂ ਦੀ ਹਾਲਤ ਹੋ ਜਾਂਦੀ ਹੈ ਤਾਂ ਭਾਰਤ ਬਿਲਕੁਲ ਹੀ ਲਾਸਟ ਖਾਤੇ ਵਿੱਚ ਚਲਿਆ ਜਾਂਦਾ ਹੈ। ਓਦੋ ਬਾਪ ਆਉਂਦੇ ਹਨ। ਭਾਰਤ ਜਦੋ ਪੁਰਾਣਾ ਹੋਵੇ ਤਾਂ ਫਿਰ ਨਵਾਂ ਬਣੇ। ਨਵਾਂ ਭਾਰਤ ਜਦੋ ਸੀ ਓਦੋ ਕੋਈ ਧਰਮ ਨਹੀਂ ਸੀ। ਉਸਨੂੰ ਸਵਰਗ ਕਿਹਾ ਜਾਂਦਾ ਹੈ। ਹੁਣ ਭਾਰਤ ਪੁਰਾਣਾ ਹੈ। ਇਸਨੂੰ ਨਰਕ ਕਹਾਂਗੇ। ਓਥੇ ਪੂਜਯ ਸੀ ਹੁਣ ਪੁਜਾਰੀ ਹਾਂ। ਪੂਜਯ ਅਤੇ ਪੁਜਾਰੀ ਦਾ ਫਰਕ ਤਾਂ ਦੱਸ ਦਿੱਤਾ ਹੈ। ਅਸੀਂ ਆਤਮਾਵਾਂ ਸੋ ਪੂਜਯ, ਫਿਰ ਅਸੀਂ ਆਤਮਾ ਸੋ ਪੁਜਾਰੀ। ਅਸੀਂ ਸੋ ਗਿਆਨੀ ਤੂ ਆਤਮਾ, ਅਸੀਂ ਆਤਮਾ ਪੁਜਾਰੀ ਤੂ ਆਤਮਾ। ਆਪ ਹੀ ਪੁਜਯ, ਆਪ ਹੀ ਪੁਜਾਰੀ ਭਗਵਾਨ ਨੂੰ ਨਹੀਂ ਕਹਾਂਗੇ ਲਕਸ਼ਮੀ-ਨਰਾਇਣ ਨੂੰ ਕਹਾਂਗੇ। ਤਾਂ ਇਹ ਬੁੱਧੀ ਵਿੱਚ ਆਉਣਾ ਚਾਹੀਦਾ ਹੈ ਕਿ ਉਹ ਕਿਵੇਂ ਪੂਜਯ ਫਿਰ ਪੁਜਾਰੀ ਬਣਦੇ ਹਨ?

ਬਾਪ ਕਹਿੰਦੇ ਹਨ ਕਲਪ ਪਹਿਲਾਂ ਵੀ ਮੈਂ ਇਸੇ ਤਰ੍ਹਾਂ ਗਿਆਨ ਦਿੱਤਾ ਸੀ। ਕਲਪ - ਕਲਪ ਦਿੰਦਾ ਰਹਿੰਦਾ ਹਾਂ। ਮੈਂ ਆਉਂਦਾ ਹੀ ਹਾਂ ਕਲਪ ਦੇ ਸੰਗਮਯੁਗ ਤੇ। ਮੇਰਾ ਨਾਮ ਹੀ ਪਤਿਤ ਪਾਵਨ ਹੈ। ਜਦੋ ਸਾਰੀ ਦੁਨੀਆ ਪਤਿਤ ਹੁੰਦੀ ਹੈ ਓਦੋ ਮੈਂ ਆਉਂਦਾ ਹਾਂ। ਦੇਖੋ ਇਹ ਝਾੜ ਹੈ, ਇਸ ਵਿੱਚ ਬ੍ਰਹਮਾ ਉਪਰ ਖੜਾ ਹੈ। ਪਹਿਲਾ ਆਦਿ ਵਿੱਚ ਵਿਖਾਉਂਦੇ ਹਨ। ਹਾਲੇ ਸਾਰੇ ਪਿਛਾੜੀ ਵਿੱਚ ਹਨ। ਜਿਵੇਂ ਬ੍ਰਹਮਾ ਪਿਛਾੜੀ ਵਿੱਚ ਪ੍ਰਤੱਖ ਹੋਇਆ, ਓਸੇ ਤਰ੍ਹਾਂ ਉਹ ਵੀ ਪਿਛਾੜੀ ਵਿੱਚ ਆਉਣਗੇ। ਜਿਵੇ ਕ੍ਰਾਇਸਟ ਹੈ ਤਾਂ ਉਹ ਫਿਰ ਅੰਤ ਵਿੱਚ ਆਵੇਗਾ। ਪਰ ਅਸੀਂ ਪਿਛਾੜੀ ਮਤਲਬ ਡਾਲ ਦੇ ਅੰਤ ਵਿੱਚ ਉਨ੍ਹਾਂ ਦਾ ਚਿੱਤਰ ਦੇ ਨਹੀਂ ਸਕਦੇ ਹਾਂ, ਸਮਝਾ ਸਕਦੇ ਹਾਂ। ਜਿਵੇ ਇਹ ਦੇਵੀ ਦੇਵਤਾ ਧਰਮ ਦੀ ਸਥਾਪਨਾ ਕਰਨ ਵਾਲਾ ਪ੍ਰਜਾਪਿਤਾ ਬ੍ਰਹਮਾ ਹੈ। ਹੁਣ ਝਾੜ ਦੇ ਅੰਤ ਵਿੱਚ ਖੜਾ ਹੈ। ਕ੍ਰਾਇਸਟ ਵੀ ਕ੍ਰਿਸ਼ਚਨ ਧਰਮ ਦਾ ਪ੍ਰਜਾਪਿਤਾ ਹੈ। ਜਿਵੇਂ ਇਹ ਪ੍ਰਜਾਪਿਤਾ ਬ੍ਰਹਮਾ ਓਵੇਂ ਹੀ ਉਹ ਪ੍ਰਜਾਪਿਤਾ ਕ੍ਰਾਇਸਟ, ਪ੍ਰਜਾਪਿਤਾ ਬੁੱਧ- ਇਹ ਸਾਰੇ ਧਰਮ ਦੀ ਸਥਾਪਨਾ ਕਰਨ ਵਾਲੇ ਹਨ। ਸੰਨਿਆਸੀਆਂ ਦਾ ਹੈ ਸ਼ੰਕਰਾਚਾਰਿਆਂ ਉਸਨੂੰ ਵੀ ਪਿਤਾ ਕਹਾਂਗੇ। ਕਹਿਣਗੇ ਸਾਡਾ ਗੁਰੂ ਸ਼ੰਕਰਾਚਾਰਿਆਂ ਸੀ ਤਾਂ ਜੋ ਇਹ ਡਾਲ ਆਦਿ ਵਿੱਚ ਖੜੇ ਹਨ, ਇਹ ਫਿਰ ਜਨਮ ਲੈਂਦੇ ਲੈਂਦੇ ਅੰਤ ਵਿੱਚ ਆਉਂਦੇ ਹਨ। ਹਾਲੇ ਸਾਰੇ ਤਮੋ ਪ੍ਰਧਾਨ ਸਟੇਜ ਵਿੱਚ ਹਨ। ਇਹ ਵੀ ਆਕੇ ਸਮਝਣਗੇ। ਪਿੱਛੋਂ ਸਲਾਮ ਜਰੂਰ ਕਰਨ ਆਉਣਗੇ। ਉਨ੍ਹਾਂ ਨੂੰ ਵੀ ਕਹਾਂਗੇ ਬੇਹੱਦ ਦੇ ਬਾਪ ਨੂੰ ਯਾਦ ਕਰੋ। ਬੇਹੱਦ ਦੇ ਬਾਪ ਸਭ ਦੇ ਲਈ ਕਹਿੰਦੇ ਹਨ। ਦੇਹ ਸਹਿਤ ਦੇਹ ਦੇ ਸਭ ਸੰਬੰਧਾਂ ਨੂੰ ਛੱਡੋ। ਇਹ ਗਿਆਨ ਹਰੇਕ ਧਰਮ ਵਾਲੇ ਲਈ ਹੈ। ਸਾਰੇ ਦੇਹ ਦੇ ਧਰਮ ਛੱਡ ਆਪਣੇ ਨੂੰ ਅਸ਼ਰੀਰੀ ਸਮਝ ਬਾਪ ਨੂੰ ਯਾਦ ਕਰੋ। ਜਿਨ੍ਹਾਂ ਯਾਦ ਕਰੋਗੇ, ਗਿਆਨ ਦੀ ਧਾਰਨਾ ਕਰੋਗੇ ਉਨ੍ਹਾਂ ਹੀ ਉੱਚ ਪਦ ਪਾਓਗੇ। ਕਲਪ ਪਹਿਲਾਂ ਜਿਸਨੇ ਜਿਨ੍ਹਾਂ ਗਿਆਨ ਲਿਆ ਹੋਵੇਗਾ ਉਨਾਂ ਜਰੂਰ ਆਕੇ ਲੈਣਗੇ।

ਤੁਹਾਨੂੰ ਬੱਚਿਆਂ ਨੂੰ ਕਿੰਨਾ ਫਖ਼ਰ(ਖੁਸ਼ੀ, ਨਸ਼ਾ) ਰਹਿਣਾ ਚਾਹੀਦਾ ਹੈ। ਅਸੀਂ ਵਿਸ਼ਵ ਦੇ ਰਚੇਤਾ ਬਾਪ ਦੇ ਬੱਚੇ ਹਾਂ। ਬਾਪ ਸਾਨੂੰ ਵਿਸ਼ਵ ਦਾ ਮਾਲਿਕ ਬਨਾਉਂਦੇ ਹਨ। ਰਾਜਯੋਗ ਸਿਖਲਾ ਰਹੇ ਹਨ। ਕਿੰਨੀ ਸਹਿਜ ਗੱਲ ਹੈ। ਪਰੰਤੂ ਚਲਦੇ -ਚਲਦੇ ਥੋੜੀ ਜਿਹੀ ਗੱਲ ਵਿੱਚ ਸ਼ੱਕ ਪੈਦਾ ਹੋ ਜਾਂਦਾ ਹੈ ਇਸਨੂੰ ਹੀ ਮਾਇਆ ਦਾ ਤੂਫ਼ਾਨ ਜਾ ਪੇਪਰ ਕਿਹਾ ਜਾਂਦਾ ਹੈ। ਇਹ ਤਾਂ ਬਾਪ ਕਹਿੰਦੇ ਹੀ ਹਨ ਕਿ ਗ੍ਰਹਿਸਤ ਵਿਵਹਾਰ ਵਿੱਚ ਰਹਿਣਾ ਹੈ। ਸਾਰਿਆਂ ਨੂੰ ਘਰ ਛੁਡਾ ਦੇਵਾ ਤਾਂ ਸਾਰੇ ਹੀ ਇਥੇ ਬੈਠ ਜਾਣ। ਵਿਵਹਾਰ ਵਿੱਚ ਵੀ ਪਾਸ ਹੋਣਾ ਹੈ। ਫਿਰ ਸਮੇ ਤੇ ਸਰਵਿਸ ਤੇ ਲਗ ਜਾਣਗੇ। ਜਿਨ੍ਹਾਂ ਨੇ ਧੰਧਾ ਆਦਿ ਛੱਡਿਆ ਹੈ ਉਨ੍ਹਾਂ ਨੂੰ ਫਿਰ ਸਰਵਿਸ ਤੇ ਲਗਾਉਂਦੇ ਹਨ। ਤਾਂ ਕਈ ਵਿਗੜ ਜਾਂਦੇ ਹਨ। ਕਈ ਤਾਂ ਸਮਝਦੇ ਹਨ ਸ਼੍ਰੀਮਤ ਤੇ ਕਲਿਆਣ ਹੈ। ਸ਼੍ਰੀਮਤ ਤੇ ਜਰੂਰ ਚਲਣਾ ਹੈ। ਡਾਇਰੈਕਸ਼ਨ ਮਿਲਿਆ ਉਸ ਵਿੱਚ ਫਿਰ ਆਨਾਕਾਨੀ ਨਹੀਂ ਕਰਨੀ ਚਾਹੀਦੀ ਹੈ। ਬਾਪ ਹਰ ਗੱਲ ਵਿੱਚ ਕਲਿਆਣਕਾਰੀ ਹਨ। ਮਾਇਆ ਬੜੀ ਚੰਚਲ ਹੈ। ਕਈ ਤਾਂ ਸਮਝਦੇ ਹਨ ਕਿ ਇਸ ਤਰ੍ਹਾਂ ਕੰਮ ਕਰਨ ਨਾਲ ਚੰਗਾ ਤੇ ਕੋਈ ਕੰਮ ਧੰਧਾ ਕਰੀਏ। ਕਈ ਸਮਝਦੇ ਹਨ ਸ਼ਾਦੀ ਕਰੀਏ। ਬੁੱਧੀ ਚੱਕਰ ਖਾਂਦੀ ਰਹਿੰਦੀ ਹੈ। ਫਿਰ ਪੜ੍ਹਾਈ ਨੂੰ ਛੱਡ ਦਿੰਦੇ ਹਨ। ਕਈ ਤਾਂ ਬਾਪ ਨੂੰ ਗਰੰਟੀ ਕਰਦੇ ਹਨ ਅਸੀਂ ਸ਼੍ਰੀਮਤ ਤੇ ਜਰੂਰ ਚੱਲਾਂਗੇ। ਉਹ ਹੈ ਆਸੁਰੀ ਮਤ ਇਹ ਹੈ ਇਸ਼ਵਰੀਏ ਮਤ। ਆਸੁਰੀ ਮਤ ਤੇ ਚੱਲਣ ਕਾਰਣ ਬੜੀਆਂ ਭਾਰੀ ਸਜਾਵਾ ਖਾਂਦੇ ਹਨ। ਉਨ੍ਹਾਂ ਨੇ ਫਿਰ ਗਰੁੜ ਪੁਰਾਨ ਵਿੱਚ ਡਰਾਉਣ ਲਈ ਬੜੀਆਂ ਰੋਚਕ ਗੱਲਾਂ ਲਿਖ ਦਿੱਤੀਆਂ ਹਨ, ਜਿਸ ਨਾਲ ਜ਼ਿਆਦਾ ਪਾਪ ਨਾ ਕਰਨ, ਪਰ ਫਿਰ ਵੀ ਸੁਧਰਦੇ ਥੋੜੀ ਹਨ। ਇਹ ਸਾਰਾ ਕੁਝ ਬਾਪ ਸਮਝਾਉਂਦੇ ਹਨ। ਗਿਆਨ ਦਾ ਸਾਗਰ ਕੋਈ ਮਨੁੱਖ ਨਹੀਂ ਹੋ ਸਕਦਾ। ਗਿਆਨ ਦਾ ਸਾਗਰ ਨੋਲਜਫੁੱਲ ਬਾਪ ਸਮਝਾ ਰਹੇ ਹਨ। ਜਿਹੜੇ ਸਮਝਦੇ ਹਨ ਉਹ ਫਿਰ ਸਮਝਾਉਂਦੇ ਹਨ। ਕਹਿੰਦੇ ਹਨ ਇਹ ਗੱਲ ਠੀਕ ਹੈ, ਅਸੀਂ ਫਿਰ ਆਵਾਂਗੇ। ਬਸ ਪ੍ਰਦਰਸ਼ਨੀ ਤੋਂ ਬਾਹਰ ਨਿਕਲੇ ਤੇ ਖਤਮ। ਹਾਂ ਕੋਈ 2-3 ਵੀ ਨਿਕਲਨ ਤਾਂ ਚੰਗਾ ਹੈ। ਪ੍ਰਜਾ ਤਾਂ ਬਹੁਤ ਬਣਦੀ ਰਹਿੰਦੀ ਹੈ। ਵਰਸਾ ਪਾਉਣ ਵਾਲੇ ਤਾਂ ਕੋਈ ਮੁਸ਼ਕਿਲ ਨਾਲ ਨਿਕਲਦੇ ਹਨ। ਰਾਜਾ ਰਾਣੀ ਦੇ ਇਕ ਦੋ ਬੱਚੇ ਹੋਣਗੇ। ਉਨ੍ਹਾਂ ਨੂੰ ਰਾਜਕੁੱਲ ਦਾ ਕਹਾਂਗੇ। ਪ੍ਰਜਾ ਤਾਂ ਕਿੰਨੀ ਢੇਰ ਹੁੰਦੀ ਹੈ। ਪ੍ਰਜਾ ਤਾਂ ਝੱਟ ਬਣਦੀ ਹੈ। ਰਾਜਾਏ ਤਾਂ ਨਹੀਂ ਬਣਦੇ। 16108 ਤ੍ਰੇਤਾਂ ਦੇ ਅੰਤ ਵਿੱਚ ਜਾ ਕੇ ਬਣਦੇ ਹਨ। ਪ੍ਰਜਾ ਤਾਂ ਕਰੋੜਾ ਹੋਵੇਗੀ। ਇਸਨੂੰ ਸਮਝਣ ਲਈ ਬੜੀ ਤੇਜ ਬੁੱਧੀ ਚਾਹੀਦੀ ਹੈ। ਅਸੀਂ ਪਾਰਲੋਕਿਕ ਬਾਪ ਤੋਂ ਵਰਸਾ ਲੈਂਦੇ ਹਾਂ। ਬਾਪ ਦਾ ਹੁਕਮ ਹੈ ਮੈਨੂੰ ਯਾਦ ਕਰੋ ਅਤੇ ਮੇਰੇ ਵਰਸੇ ਨੂੰ ਯਾਦ ਕਰੋ। ਮਨਮਨਾ ਭਵ ਅਤੇ ਮੱਧ ਜੀ ਭਵ। ਸਵਰਗ ਹੈ

ਵਿਸ਼ਨੂੰ ਪੁਰੀ ਅਤੇ ਇਹ ਹੈ ਰਾਵਣ ਪੁਰੀ। ਸ਼ਾਂਤੀਧਾਮ, ਸੁਖਧਾਮ ਅਤੇ ਦੁਖਧਾਮ। ਇਹ ਬਾਪ ਸਮਝਾਉਂਦੇ ਹਨ, ਮੈਨੂੰ ਯਾਦ ਕਰਨ ਨਾਲ ਅੰਤ ਮਤਿ ਸੋ ਗਤੀ ਹੋ ਜਾਵੇਗੀ। ਭਗਤੀ ਮਾਰਗ ਵਿੱਚ ਸਮਝੋ ਕ੍ਰਿਸ਼ਨ ਨੂੰ ਯਾਦ ਕਰਦੇ ਹਨ ਪਰ ਇਵੇ ਨਹੀਂ ਕਿ ਕ੍ਰਿਸ਼ਨਪੁਰੀ ਵਿੱਚ ਪਹੁੰਚ ਜਾਣਗੇ। ਨਹੀਂ, ਯਾਦ ਕਰਕੇ ਕ੍ਰਿਸ਼ਨਪੁਰੀ ਵਿੱਚ ਜਾ ਕੇ ਧਿਆਨ ਵਿੱਚ ਰਾਸ ਆਦਿ ਕਰਕੇ ਵਾਪਿਸ ਆ ਜਾਣਗੇ। ਉਹ ਹੈ ਨੌਧਾ ਭਗਤੀ ਦਾ ਅਸਰ, ਜਿਸ ਨਾਲ ਉਨ੍ਹਾਂ ਨੂੰ ਸਾਕਸ਼ਾਤਕਾਰ ਹੋ ਜਾਂਦਾ ਹੈ। ਮਨੋਕਾਮਨਾ ਪੂਰੀ ਹੋ ਜਾਂਦੀ ਹੈ। ਬਾਕੀ ਸਤਿਯੁਗ ਤਾਂ ਸਤਿਯੁਗ ਹੈ। ਓਥੇ ਜਾਣ ਲਈ ਫਿਰ ਨੌਧਾ ਪੜ੍ਹਾਈ ਜਰੂਰ ਚਾਹੀਦੀ ਹੈ, ਨੌਧਾ ਭਗਤੀ ਨਹੀਂ, ਪੜ੍ਹਦੇ ਰਹੋ। ਮੁਰਲੀ ਜਰੂਰ ਪੜ੍ਹਨੀ ਚਾਹੀਦੀ ਹੈ। ਸੈਂਟਰ ਵਿੱਚ ਜਰੂਰ ਜਾਣਾ ਹੈ। ਨਹੀਂ ਤਾਂ ਮੁਰਲੀ ਲੈ ਕੇ ਘਰ ਜਰੂਰ ਪੜ੍ਹੋ। ਕਿਸੇ ਨੂੰ ਕਿਹਾ ਜਾਂਦਾ ਹੈ ਸੈਂਟਰ ਜਾਓ। ਸਭ ਵਾਸਤੇ ਵੱਖ-2 ਹੈ। ਸਭ ਦੇ ਲਈ ਇਕੋ ਗੱਲ ਨਹੀਂ ਹੋ ਸਕਦੀ। ਇਵੇਂ ਨਹੀਂ ਬਾਬਾ ਕਹਿੰਦੇ ਹਨ ਦ੍ਰਿਸ਼ਟੀ ਦੇ ਕੇ ਖਾਓ ਤਾਂ ਬਸ। ਬਾਬਾ ਕਹਿੰਦੇ ਹਨ ਲਾਚਾਰੀ ਹਾਲਤ ਵਿੱਚ ਕੁਝ ਨਹੀਂ ਕਰ ਸਕਦੇ ਤਾਂ ਦ੍ਰਿਸ਼ਟੀ ਦੇ ਕੇ ਖਾਓ। ਬਾਕੀ ਸਭ ਦੇ ਲਈ ਥੋੜ੍ਹੀ ਬਾਬਾ ਕਹਿਣਗੇ। ਜਿਵੇਂ , ਬਾਬਾ ਕਿਸੇ ਨੂੰ ਕਹਿੰਦੇ ਹਨ ਬਾਈਸਕੋਪ ਵਿੱਚ ਚਾਹੇ ਜਾਓ। ਪਰ ਸਭ ਦੇ ਲਈ ਨਹੀਂ ਹੈ। ਕਿਸੇ ਦੇ ਨਾਲ ਜਾਣਾ ਪੈਂਦਾ ਹੈ। ਕਿਉਂਕਿ ਉਨ੍ਹਾਂ ਨੂੰ ਵੀ ਨੋਲਜ ਦੇਣੀ ਹੈ। ਇਹ ਹੱਦ ਦਾ ਨਾਟਕ ਹੈ, ਉਹ ਬੇਹੱਦ ਦਾ ਨਾਟਕ ਹੈ। ਤਾਂ ਸਰਵਿਸ ਕਰਨੀ ਪਵੇ। ਇਵੇਂ ਨਹੀਂ ਕਿ ਸਿਰਫ ਦੇਖਣ ਲਈ ਜਾਣਾ ਹੈ। ਸ਼ਮਸ਼ਾਨ ਵਿੱਚ ਵੀ ਜਾ ਕੇ ਸਰਵਿਸ ਕਰਨੀ ਹੈ। ਅੱਛਾ।

ਮਿੱਠੇ - ਮਿੱਠੇ ਸਿਕੀਲੱਧੇ ਬੱਚਿਆਂ ਪ੍ਰਤੀ ਮਾਤ -ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡ ਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1 ਬਾਪ ਦੀ ਹਰ ਗੱਲ ਵਿੱਚ ਕਲਿਆਣ ਹੈ, ਇਹ ਸਮਝ ਨਿਸ਼ਚੇ ਬੁੱਧੀ ਹੋ ਕੇ ਚਲਣਾ ਹੈ। ਕਦੇ ਵੀ ਸੰਸ਼ੇ(ਸ਼ੱਕ) ਵਿੱਚ ਨਹੀਂ ਆਉਣਾ ਹੈ। ਸ਼੍ਰੀਮਤ ਨੂੰ ਠੀਕ ਤਰ੍ਹਾਂ ਸਮਝਣਾ ਹੈ।

2 ਆਤਮ - ਅਭਿਮਾਨੀ ਰਹਿਣ ਦਾ ਅਭਿਆਸ ਕਰਨਾ ਹੈ। ਡਰਾਮਾ ਵਿੱਚ ਹਰ ਇਕ ਐਕਟਰ ਦਾ ਅਨਾਦਿ ਪਾਰਟ ਹੈ। ਇਸਲਈ ਸਾਕਸ਼ੀ ਹੋਕੇ ਦੇਖਣ ਦਾ ਅਭਿਆਸ ਕਰਨਾ ਹੈ।

ਵਰਦਾਨ:- ਸਦਾ ਸੇਫਟੀ ਦੀ ਲਕੀਰ ਦੇ ਅੰਦਰ ਪਰਮਾਤਮ ਛਤ੍ਰ - ਛਾਇਆ ਦਾ ਅਨੁਭਵ ਕਰਨ ਵਾਲੇ ਮਾਇਆਜਿੱਤ ਭਵ

"ਬਾਪ ਅਤੇ ਆਪ" ਇਹ ਹੀ ਸੇਫਟੀ ਦੀ ਲਕੀਰ ਹੈ, ਇਹ ਲਕੀਰ ਹੀ ਪਰਮਾਤਮ ਛਤ੍ਰ ਛਾਇਆ ਹੈ। ਜੋ ਇਸ ਛਤ੍ਰ ਛਾਇਆ ਦੀ ਲਕੀਰ ਦੇ ਅੰਦਰ ਹਨ ਉਸ ਦੇ ਕੋਲ ਮਾਇਆ ਆਉਣ ਦੀ ਹਿੰਮਤ ਵੀ ਨਹੀਂ ਰੱਖ ਸਕਦੀ। ਫਿਰ ਮਿਹਨਤ ਕੀ ਹੁੰਦੀ, ਰੁਕਾਵਟ ਕੀ ਹੁੰਦੀ, ਵਿਘਨ ਕੀ ਹੁੰਦਾ -2, ਇਨ੍ਹਾਂ ਅੱਖਰਾਂ ਤੋਂ ਅਵਿਧਿਆ ਹੋ ਜਾਵੇਗੀ। ਸਦਾ ਸੇਫ ਰਹੋਗੇ, ਬਾਪ ਦੇ ਦਿਲ ਵਿਚ ਸਮਾਏ ਰਹੋਗੇ - ਇਹ ਹੀ ਸਭ ਤੋਂ ਸਹਿਜ ਅਤੇ ਤੀਵ੍ਰ ਗਤੀ ਵਿਚ ਜਾਣ ਦਾ ਅਤੇ ਮਾਇਆਜਿੱਤ ਬਣਨ ਦਾ ਪੁਰਸ਼ਾਰਥ ਹੈ।

ਸਲੋਗਨ:- ਦਿਵਿਯ ਗੁਣਾਂ ਦੇ ਗਹਿਣਿਆਂ ਨਾਲ ਸਜੇ -ਸਜਾਏ ਰਹੋ ਤਾਂ ਹੰਕਾਰ ਆ ਨਹੀਂ ਸਕਦਾ।

******